**SET-3**

**Series GBM**

ਕੋਡ ਨੰ. **221/3**

Candidates must write the Code on the title page of the answer-book.

ਰੋਲ ਨੰਬਰ | | | | | | | |

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **11** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **27** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **11** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **27** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਰਾਜਨੀਤੀ ਵਿਗਿਆਨ

## (ਪੰਜਾਬੀ ਉਲਥਾ)

# POLITICAL SCIENCE

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 100*

*Time allowed : 3 hours* | *Maximum Marks : 100*

***ਵਿਆਪਕ ਨਿਰਦੇਸ਼ :***

*(i)* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(ii)* *ਪ੍ਰਸ਼ਨ ਸੰਖਿਆ* ***1 – 5*** *ਤਕ ਹਰ ਇਕ ਪ੍ਰਸ਼ਨ* ***ਇਕ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***20*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(iii)* *ਪ੍ਰਸ਼ਨ ਸੰਖਿਆ* ***6 – 10*** *ਤਕ ਹਰ ਇਕ ਪ੍ਰਸ਼ਨ* ***ਦੋ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***40*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(iv)* *ਪ੍ਰਸ਼ਨ ਸੰਖਿਆ* ***11 – 16*** *ਤਕ ਹਰ ਇਕ ਪ੍ਰਸ਼ਨ* ***ਚਾਰ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***100*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ* ***17 – 21*** *ਤਕ ਹਰ ਇਕ ਪ੍ਰਸ਼ਨ* ***ਪੰਜ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***150*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vi)* *ਪ੍ਰਸ਼ਨ ਸੰਖਿਆ* ***21*** *ਮਾਨਚਿੱਤਰ ਆਧਾਰਿਤ ਪ੍ਰਸ਼ਨ ਹੈ । ਉੱਤਰ ਆਪਣੀ ਉੱਤਰ ਪੁਸਤਿਕਾ ਵਿਚ ਲਿੱਖੋ ।*

*(vii)* *ਪ੍ਰਸ਼ਨ ਸੰਖਿਆ* ***22 – 27*** *ਤਕ ਹਰ ਇਕ ਪ੍ਰਸ਼ਨ* ***ਛੇ*** *ਅੰਕ ਦਾ ਹੈ । ਇਨ੍ਹਾਂ ਵਿਚੋਂ ਹਰ ਇਕ ਪ੍ਰਸ਼ਨ ਦਾ ਉੱਤਰ* ***150*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

**1.** ਜਨਤਾ ਦੇ ਵੱਖੋ ਵਖ ਵਰਗਾਂ ਦੇ ਲਈ ਵਿਕਾਸ ਦੇ ਵੱਖੋ ਵਖ ਅਰਥ ਕਿਉਂ ਹੁੰਦੇ ਹਨ ? *1*

**2.** ਰੂਸ ਅਤੇ ਭਾਰਤ ਦੋਵਾਂ ਰਾਹੀਂ ਦ੍ਰਿਸ਼ਟੀਗੋਚਰ ਕੀਤੇ ਅਨੁਸਾਰ ਬਹੁ–ਧਰੁਵੀ ਸੰਸਾਰ ਦੀ ਕਿਸੇ ਇਕ ਵਿਸ਼ੇਸ਼ਤਾ ਤੇ ਰੋਸ਼ਨੀ ਪਾਓ । *1*

**3.** ਸੰਸਾਰ ਦੇ ਵੱਖੋ ਵੱਖ ਭਾਗਾਂ ਵਿਚ ਖਣਿਜ ਉਦਯੋਗ ਦੀ ਅਲੋਚਨਾ ਅਤੇ ਵਿਰੋਧ ਕਿਉਂ ਹੁੰਦਾ ਹੈ ? ਕੋਈ ਇਕ ਮੁੱਖ ਕਾਰਨ ਦਿਓ । *1*

**4.** ਦੋ ਸੰਗਠਨਾਂ ਦੇ ਦਰਮਿਆਨ ਹਿੰਸਾ (ਮਾਰਕਾਟ) ਨੂੰ ਲੋਕਤੰਤਰ ਦੇ ਲਈ ਖਤਰੇ ਕਿਉਂ ਸਮਝਿਆ ਜਾਂਦਾ ਹੈ ? *1*

**5.** 'ਓਪਰੇਸ਼ਨ ਇਰਾਕੀ ਫਰੀਡਮ (ਇਰਾਕੀ ਮੁਕਤੀ ਅਭਿਆਨ)' ਦੀ ਕੀ ਮਹਤਤਾ ਸੀ ? *1*

**6.** ਪੰਜਾਬ ਵਿਚ ਹਾਲਾਤ ਨੂੰ ਸੁਭਾਵਕ ਸਥਿਤੀ ਵਿਚ ਬਹਾਲ ਕਰਨ ਵਿਚ ਰਾਜੀਵ ਗਾਂਧੀ – ਲੌਂਗੋਵਾਲ ਸਮਝੌਤਾ ਕਿਥੇ ਤਕ ਸਫਲ ਰਿਹਾ ? *2*

**7.** ਗੁਟ ਨਿਰਪੇਖਤਾ ਦੀ ਨੀਤੀ ਭਾਰਤ ਦੇ ਲਈ ਆਪਣੇ ਹਿਤੱ ਨੂੰ ਪੂਰਾ ਕਰਨ ਦੇ ਲਈ ਕਿਵੇਂ ਸਹਾਇਕ ਰਹੀ ? *2*

**8.** ਜੇਕਰ ਰਾਸ਼ਟਰੀ ਪੱਧਰ ਦੇ ਫੈਸਲੇ ਕਰਨ ਸਮੇਂ, ਖੇਤਰਾਂ ਨੂੰ ਉਨ੍ਹਾਂ ਦਾ ਉੱਚਤ ਅਧਿਕਾਰ ਨਾ ਦਿਤਾ ਜਾਏ, ਤਾਂ ਕੀ ਹੋਵੇਗਾ ? *2*

**9.** ਕਾਲਮ 'A' ਵਿਚ ਦਿੱਤੇ ਗਏ ਨਾਮਾਂ ਦਾ, ਕਾਲਮ 'B' ਵਿਚ ਦਿੱਤੀ ਹੋਈ ਜਾਣਕਾਰੀ ਨਾਲ ਸਾਰਥਕ ਮੇਲ ਕਰੋ :

| *ਕਾਲਮ 'A'* | *ਕਾਲਮ 'B'* |
|---|---|
| (a) ਇੰਦਿਰਾ ਗਾਂਧੀ | (i) 1952 ਤੋਂ ਲੈ ਕੇ ਆਪਣੀ ਮੌਤ ਤਕ ਸੰਸਦ ਸਦੱਸ ਬਣੇ ਰਹੇ |
| (b) ਰਾਮ ਮਨੋਹਰ ਲੋਹੀਆ | (ii) 1975 ਦੇ ਅਪਾਤਕਾਲ ਸਮੇ ਵਿਰੋਧ ਦਾ ਪ੍ਰਤੀਕ |
| (c) ਜੈ ਪ੍ਰਕਾਸ਼ ਨਾਰਾਇਣ | (iii) ਬੈਂਕਾਂ ਦਾ ਰਾਸ਼ਟਰੀਕਰਨ |
| (d) ਜਗਜੀਵਨ ਰਾਮ | (iv) ਨੇਹਰੂ ਜੀ ਦੇ ਖਿਲਾਫ ਆਪਣੇ ਤਿੱਖੇ ਅਕਰਮਣਾ ਦੇ ਲਈ ਮਸ਼ਹੂਰ |

$4\times\frac{1}{2}=2$

**10.** 1940 ਦੇ ਦਹਾਕੇ ਦੀਆਂ ਉਨ੍ਹਾਂ ਦੋ ਰਾਜਨੀਤਕ ਘਟਨਾਵਾਂ ਦੀ ਸਮੀਖਿਆ ਕਰੋ ਜਿਹੜੀਆਂ ਪਾਕਿਸਤਾਨ ਦੀ ਸਥਾਪਨਾ ਦੇ ਲਈ ਜੁੰਮੇਵਾਰ ਹਨ । $2\times1=2$

**11.** ਭਾਰਤ ਅਤੇ ਚੀਨ ਦੇ ਦਰਮਿਆਨ 1962 ਦੇ ਸੰਘਰਸ਼ ਦੇ ਨਤੀਜਤਨ ਕਿਸੇ ਚਾਰ ਲੰਬੇ ਸਮੇ ਤਕ ਪਏ ਨਤੀਜਿਆਂ ਦਾ ਵਰਣਨ ਕਰੋ । $4\times1=4$

**12.** ਏਮਨੇਸਟੀ ਇੰਟਰਨੇਸ਼ਨਲ ਕੀ ਹੈ ? ਇਸਦੇ ਮੁੱਖ ਕੰਮਾਂ ਦਾ ਵਰਣਨ ਕਰੋ । $1+3=4$

13. ਵਿਸ਼ਵੀਕਰਨ ਦੇ ਕਿਸੇ ਚਾਰ ਸੱਭਿਆਚਾਰਕ (ਸਾਂਸਕ੍ਰਿਤੀਕ) ਨਤੀਜਿਆਂ ਦੀ ਵਿਆਖਿਆ ਉਦਾਹਰਣ ਸਹਿਤ ਕਰੋ । *4×1=4*

14. 1969 ਤੋਂ 1977 ਦੇ ਦਰਮਿਆਨ, ਭਾਰਤ ਵਿਚ ਦਲ ਵਿਵਸਥਾ ਵਿਚ ਹੋਣ ਵਾਲੇ ਨਾਟਕੀ ਬਦਲਾਵਾਂ ਦੀ ਸਮੀਖਿਆ ਕਰੋ । *4*

15. 1947 ਵਿਚ ਭਾਰਤ ਦੀ ਵੰਡ ਦੇ ਕਿਸੇ ਚਾਰ ਨਤੀਜਿਆਂ ਤੇ ਰੋਸ਼ਨੀ ਪਾਓ । *4×1=4*

16. ਭਾਰਤ ਵਿਚ ਕਾਂਗਰੇਸ ਪਾਰਟੀ ਦੀ ਪ੍ਰਭੁਤਾ, ਹੋਰ ਦੇਸ਼ਾਂ ਵਿਚ ਇੱਕਲੀ ਪਾਰਟੀ ਦੀ ਪ੍ਰਭੁਤਾ ਨਾਲੋਂ ਕਿਵੇਂ ਵੱਖ ਸੀ ? ਸਪਸ਼ਟ ਕਰੋ । *4*

17. ਹੇਠ ਦਿੱਤੇ ਹੋਏ ਕਾਰਟੂਨ ਨੂੰ ਧਿਆਨ ਨਾਲ ਅਧਿਐਨ ਕਰੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :



(i) ਸਰਕਾਰੀ ਖੇਤਰ ਅਤੇ ਨਿਜੀ ਖੇਤਰ ਦੇ ਦਰਮਿਆਨ ਸੰਤੁਲਨ ਬਣਾ ਕੇ ਰਖਣ ਵਾਲੇ ਡੰਡੇ ਨੂੰ ਸੰਭਾਲਣ ਵਾਲੇ ਵਿਅਕਤੀ ਨੂੰ ਪਛਾਣੋ ਅਤੇ ਉਸਦਾ ਨਾਮ ਲਿੱਖੋ ।

(ii) ਕਾਰਟੂਨ ਵਿਚ ਸਰਕਾਰੀ ਖੇਤਰ ਦੇ ਵਲ ਵਧੇਰੇ ਝੁਕਾਅ ਕਿਉਂ ਦਿਖਾਇਆ ਗਿਆ ਹੈ ?

(iii) ਸਰਕਾਰੀ ਖੇਤਰ ਤੇ ਵਧੇਰੇ ਜ਼ੋਰ ਦਿਤੇ ਜਾਣ ਕਾਰਨ, ਭਾਰਤੀ ਅਰਥ ਵਿਵਸਥਾ ਉਪਰ ਕੀ ਮਾੜਾ ਅਸਰ ਪਿਆ ? *1+2+2=5*

**ਨੋਟ:** *ਹੇਠ ਲਿਖਿਆ ਪ੍ਰਸ਼ਨ **ਕੇਵਲ ਦ੍ਰਿਸ਼ਟੀਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਸੰਖਿਆ **17** ਦੇ ਸਥਾਨ ਤੇ ਹੈ :*

(17.1) ਹਰ ਇਕ ਘਟੋ ਘਟ ਇਕ ਉਦਾਹਰਣ ਦੀ ਸਹਾਇਤਾ ਨਾਲ ਸਰਕਾਰੀ ਖੇਤਰ ਅਤੇ ਨਿਜੀ ਖੇਤਰ ਵਿਚ ਅੰਤਰ ਸਪਸ਼ਟ ਕਰੋ ।

(17.2) ਭਾਰਤੀ ਸੰਦਰਭ ਨੂੰ ਧਿਆਨ ਵਿਚ ਰਖਦੇ ਹੋਏ ਤੁਸੀਂ ਕਿਹੜੀ ਅਰਥ ਵਿਵਸਥਾ ਨੂੰ ਪਹਿਲ ਦਿਓਗੇ ਅਤੇ ਕਿਉਂ ?

(17.3) ਵਿਸ਼ਵੀਕਰਨ ਨੇ ਕਿਹੋ ਜਹੇ ਆਰਥਕ ਖੇਤਰ ਨੂੰ ਉਤਸ਼ਾਹ ਦਿੱਤਾ ਹੈ ? *2+2+1=5*

**18.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਇਨਾਂ ਅੰਦੋਲਨਾ ਦੇ ਆਲੋਚਕ ਆਮਤੋਰ ਤੇ ਇਹ ਦਲੀਲ ਦੇਂਦੇ ਹਨ ਕਿ ਹੜਤਾਲ, ਧਰਨਾ ਅਤੇ ਰੈਲੀ ਜਹੀਆਂ ਸਮੂਹਕ ਕਾਰਵਾਈਆਂ ਸਰਕਾਰ ਦੇ ਕੰਮਕਾਜ ਉਪਰ ਬੁਰਾ ਅਸਰ ਪਾਂਦੀਆਂ ਹਨ । ਉਨ੍ਹਾਂ ਦੇ ਮੁਤਾਬਿਕ, ਇਸ ਤਰਾਂ ਦੀਆਂ ਸਰਗਰਮੀਆਂ ਨਾਲ ਸਰਕਾਰ ਦੀ ਫੈਸਲਾ ਕਰਨ ਦੀ ਪ੍ਰਕਿਰਿਆ ਤੇ ਬੁਰਾ ਅਸਰ ਪੈਂਦਾ ਹੈ ਅਤੇ ਰੋਜ਼ ਦੀ ਲੋਕਤੰਤਰੀ ਕਾਰਵਾਈ ਦੀ ਵਿਵਸਥਾ ਭੰਗ ਹੁੰਦੀ ਹੈ । ਇਸ ਤਰ੍ਹਾਂ ਦੀਆਂ ਦਲੀਲਾਂ ਇਕ ਹੋਰ ਡੂੰਘੇ ਸਵਾਲ ਨੂੰ ਜਨਮ ਦੇਂਦੀਆਂ ਹਨ ਅਤੇ ਉਹ ਸਵਾਲ ਇਹ ਹੈ ਕਿ ਜਨ ਅੰਦੋਲਨ ਅਜੇਹੀਆਂ ਹਠਧਰਮੀ ਵਾਲੀਆਂ ਸਮੂਹਕ ਸਰਗਰਮੀਆਂ ਦਾ ਸਹਾਰਾ ਕਿਉਂ ਲੈਂਦੇ ਹਨ ?

ਅਸੀਂ ਦੇਖਿਆ ਹੈ ਕਿ ਜਨ ਅੰਦੋਲਨ ਜਨਤਾ ਦੀਆਂ ਜਾਇਜ਼ ਮੰਗਾਂ ਦਾ ਨੁਮਾਇੰਦਾ ਬਣਕੇ ਉਭਰੇ ਹਨ ਅਤੇ ਨਾਗਰਿਕਾਂ ਦੇ ਇਕ ਵਡੇ ਸਮੂਹ ਨੂੰ ਆਪਣੇ ਨਾਲ ਜੋੜਨ ਵਿਚ ਕਾਮਯਾਬੀ ਹਾਸਲ ਕੀਤੀ ਹੈ । ਸਾਨੂੰ ਇੱਥੇ ਇਸ ਗਲ ਦਾ ਧਿਆਨ ਦੇਣਾ ਚਾਹੀਦਾ ਹੈ ਕਿ ਇਨ੍ਹਾਂ ਜਨ ਅੰਦੋਲਨਾਂ ਰਾਹੀਂ ਲਾਮਬੰਦ ਕੀਤੇ ਜਾਣ ਵਾਲੀ ਜਨਤਾ ਸਮਾਜਕ ਅਤੇ ਆਰਥਕ ਰੂਪ ਵਿਚ ਵਾਂਝੇ ਅਤੇ ਅਧਿਕਾਰਹੀਨ ਵਰਗਾਂ ਨਾਲ ਸੰਬੰਧ ਰਖਦੀ ਹੈ ।

(i) ਜਨ ਅੰਦੋਲਨ ਕਿਸ ਦੋ ਪ੍ਰਕਾਰ ਦੀਆਂ ਹਠਧਰਮੀ ਵਾਲੀਆਂ ਸਰਗਰਮੀਆਂ ਦੀ ਵਰਤੋਂ ਕਰਦੇ ਹਨ ?

(ii) ਆਲੋਚਕਾਂ ਰਾਹੀਂ ਦਿੱਤੀਆਂ ਗਈਆਂ ਦਲੀਲਾਂ ਨਾਲ ਤੁਸੀਂ ਕਿਸ ਹਦ ਤਕ ਸਹਿਮਤ ਹੋ ?

(iii) ਜਨ ਅੰਦੋਲਨਾਂ ਵਿਚ ਭਾਗ ਲੈਣ ਵਾਲੇ ਜਿਆਦਾਤਰ ਸਮੂਹ ਸਮਾਜਕ ਤੌਰ ਤੇ ਵਾਂਝੇ ਸਮੂਹ ਹੀ ਕਿਉਂ ਹੁੰਦੇ ਹਨ ? *1+2+2=5*

**19.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਆਪੋ ਵਿਚ ਵਿਰੋਧੀ ਗੁੱਟਾਂ ਦੇ ਮੁਕਾਬਲੇ ਛੋਟੇ ਦੇਸ਼ਾਂ ਨੇ ਮਹਾਂਸ਼ਕਤੀਆਂ (ਸੁਪਰ–ਪਾਵਰਸ) ਦੇ ਨਾਲ ਆਪੋ ਆਪਣੇ ਗੰਢ–ਤੁਪ ਦੀ ਵਰਤੋਂ ਨਿਜੀ ਮਨੋਰਥ ਲਈ ਕੀਤੀ । ਇਨ੍ਹਾਂ ਦੇਸ਼ਾਂ ਨੂੰ ਨਜ਼ਦੀਕੀ ਵਿਰੋਧੀ ਦੇਸ਼ ਦੇ ਖਿਲਾਫ ਸੁਰਖਿਆ ਦਾ ਵਾਇਦਾ ਮਿਲਿਆ, ਹਥਿਆਰ ਅਤੇ ਆਰਥਕ ਮਦਦ ਮਿਲੀ । ਇਨ੍ਹਾਂ ਦੇਸ਼ਾਂ ਦੀ ਆਪਣੇ ਗਵਾਂਢੀ ਦੇਸ਼ਾਂ ਨਾਲ ਹੋੜ ਸੀ । ਮਹਾਂਸ਼ਕਤੀਆਂ ਦੀ ਅਗਵਾਈ ਹੇਠ ਗਠਬੰਧਨ ਦੀ ਵਿਵਸਥਾ ਨਾਲ ਪੂਰੀ ਦੁਨੀਆ ਦੋ ਖੇਮਿਆਂ ਵਿਚ ਵੰਡੀ ਜਾਣ ਦਾ ਖਤਰਾ ਪੈਦਾ ਹੋ ਗਿਆ । ਇਹ ਵੰਡ ਸਭ ਤੋਂ ਪਹਿਲਾਂ ਯੂਰੋਪ ਵਿਚ ਹੋਈ । ਪੱਛਮੀ ਯੂਰਪ ਦੇ ਵਧੇਰੇ ਦੇਸ਼ਾਂ ਨੇ ਅਮਰੀਕਾ ਦਾ ਪੱਖ ਲਿਆ ਜਦਕਿ ਪੂਰਬੀ ਯੂਰੋਪ ਸੋਵੀਯਤ ਖੇਮੇ ਵਿਚ ਸਾਮਲ ਹੋ ਗਿਆ । ਇਸ ਲਈ ਇਹ ਖੇਮੇ 'ਪੱਛਮੀ' ਅਤੇ 'ਪੂਰਬੀ' ਗਠਬੰਧਨ ਵੀ ਕਹਿਲਾਂਦੇ ਹਨ ।

(i) ਪੱਛਮੀ ਅਤੇ ਪੂਰਬੀ ਗਠਬੰਧਨ ਤੋਂ ਸੰਬੰਧਿਤ ਇਕ ਇਕ ਸੰਗਠਨ ਦਾ ਨਾਮ ਲਿੱਖੋ ।

(ii) ਛੋਟੇ ਛੋਟੇ ਦੇਸ਼ ਮਹਾਂਸ਼ਕਤੀਆਂ ਦੇ ਗਠਬੰਧਨ ਵਿਚ ਕਿਉਂ ਸ਼ਾਮਲ ਹੋਣਾ ਚਾਹੁੰਦੇ ਸਨ ?

(iii) 'ਗਠਬੰਧਨ ਵਿਵਸਥਾ' ਕਿਵੇਂ ਸੰਸਾਰ ਦੀ ਵੰਡ ਕਰਨ ਦੇ ਲਈ ਇਕ ਖਤਰਾ ਬਣ ਗਈ ? *1+2+2=5*

**20.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਪਾਕਿਸਤਾਨ ਵਿਚ ਲੋਕਤੰਤਰੀ ਸ਼ਾਸਨ ਚੱਲੇ – ਇਸਦੇ ਲਈ ਕੋਈ ਖਾਸ ਅੰਤਰ-ਰਾਸ਼ਟਰੀ ਸਮਰਥਨ ਨਹੀਂ ਮਿਲਦਾ । ਇਸ ਕਾਰਨ ਵੀ ਸੈਨਾ ਨੂੰ ਆਪਣੀ ਚੌਧਰ ਕਾਇਮ ਕਰਨ ਦੇ ਲਈ ਉਤਸਾਹ ਮਿਲਿਆ ਹੈ । ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਨੇ ਆਪੋ ਆਪਣੇ ਮਤਲਬਾਂ ਨਾਲ ਬੀਤੇ ਸਮੇਂ ਵਿਚ ਪਾਕਿਸਤਾਨ ਵਿਚ ਸੈਨਿਕ ਸ਼ਾਸਨ ਨੂੰ ਉਤਸਾਹ ਦਿੱਤਾ । ਇਨਾਂ ਦੇਸ਼ਾਂ ਨੂੰ ਉਸ ਆਤੰਕਵਾਦ ਤੋਂ ਡਰ ਲਗਦਾ ਹੈ ਜਿਸਨੂੰ ਇਹ ਦੇਸ਼ 'ਵਿਸ਼ਵ ਵਿਆਪੀ ਇਸਲਾਮੀ ਆਤੰਕਵਾਦ' ਕਹਿੰਦੇ ਹਨ । ਇਨ੍ਹਾਂ ਦੇਸ਼ਾਂ ਨੂੰ ਇਹ ਵੀ ਡਰਾਵਾ ਹੈ ਕਿ ਪਾਕਿਸਤਾਨ ਦੇ ਪਰਮਾਣੂ ਹਥਿਆਰ ਕਿਧਰੇ ਇਨ੍ਹਾਂ ਆਤੰਕਵਾਦੀ ਸਮੂਹਾਂ ਦੇ ਹਥ ਵਿਚ ਨਾ ਆ ਜਾਣ । ਇਨ੍ਹਾਂ ਗੱਲਾਂ ਦਾ ਧਿਆਨ ਕਰਦੇ ਹੋਏ ਪਾਕਿਸਤਾਨ ਨੂੰ ਇਹ ਦੇਸ਼ ਪੱਛਮੀ ਅਤੇ ਦੱਖਣੀ ਏਸ਼ੀਆ ਵਿਚ ਪੱਛਮੀ ਹਿਤਾਂ ਦਾ ਰਖਵਾਲਾ ਮੰਨਦੇ ਹਨ ।

(i) 'ਵਿਸ਼ਵ ਵਿਆਪੀ ਇਸਲਾਮੀ ਆਤੰਕਵਾਦ' ਤੋਂ ਕੀ ਭਾਵ ਹੈ ?

(ii) ਪਾਕਿਸਤਾਨ ਵਿਚ ਲੋਕਤੰਤਰੀ ਸ਼ਾਸਨ ਦੇ ਲਈ ਉੱਚਤ ਅੰਤਰ-ਰਾਸ਼ਟਰੀ ਸਮਰਥਨ ਕਿਉਂ ਨਹੀਂ ਮਿਲਿਆ ?

(iii) ਪਾਕਿਸਤਾਨ ਦੇ ਸੈਨਿਕ ਸ਼ਾਸਕਾਂ ਨੂੰ ਪੱਛਮੀ ਅਤੇ ਦੱਖਣੀ ਏਸ਼ੀਆ ਵਿਚ, ਪੱਛਮੀ ਦੇਸ਼ਾਂ ਦੇ ਹਿਤਾਂ ਦਾ ਰਖਵਾਲਾ ਕਿਉਂ ਸਮਝਿਆ ਜਾਂਦਾ ? *1+2+2=5*

**21.** **ਸੰਸਾਰ** ਦੇ ਦਿੱਤੇ ਗਏ ਰਾਜਨੀਤਕ ਮਾਨਚਿੱਤਰ ਵਿਚ ਪੰਜ ਰਾਜਾਂ ਨੂੰ Ⓐ, Ⓑ, Ⓒ, Ⓓ ਅਤੇ Ⓔ ਰਾਹੀਂ ਦਰਸਾਇਆ ਗਿਆ ਹੈ । ਹੇਠ ਦਿੱਤੀ ਜਾਣਕਾਰੀ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਪਛਾਣੋ ਅਤੇ ਉਨ੍ਹਾਂ ਦੇ ਸਹੀ ਨਾਮ, ਸੰਬੰਧਤ ਅੱਖਰ ਅਤੇ ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ ਸਹਿਤ, ਹੇਠ ਦਿੱਤੀ ਸਾਰਣੀ ਦੇ ਅਨੁਸਾਰ ਆਪਣੀ ਉੱਤਰ ਪੁਸਤਕ ਵਿਚ ਲਿੱਖੋ :

| ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ | ਸੰਬੰਧਤ ਅੱਖਰ | ਦੇਸ਼ ਦਾ ਨਾਮ |
|---|---|---|
| (i) | | |
| (ii) | | |
| (iii) | | |
| (iv) | | |
| (v) | | |

(i) ਉਹ ਦੇਸ਼ ਜਿਥੇ 1987 ਵਿਚ ਮੌਂਟ੍ਰਿਅਲ ਪ੍ਰੋਟੋਕੋਲ ਉਪਰ ਦਸਤਖਤ ਕੀਤੇ ਗਏ ਸਨ ।


(ii) ਇਸ ਦੇਸ਼ ਦਾ ਵਿਚਾਰ ਇਹ ਹੈ ਕਿ ਗੈਸਾਂ ਦੇ ਨਿਕਾਸ ਵਿਚ ਘਟ ਕਰਨ ਦੀ ਪ੍ਰਮੁਖ ਜੁੰਮੇਵਾਰੀ ਵਿਕਸਤ ਦੇਸ਼ਾਂ ਦੀ ਹੈ ।

(iii) ਇਹ ਦੇਸ਼ ਆਪਣੇ ਜੰਗਲਾਤ ਸੰਬੰਧੀ ਅੰਦੋਲਨਾ ਕਰਕੇ ਜਾਣਿਆ ਜਾਂਦਾ ਹੈ ।

(iv) ਫਰੈਂਕਲਿਨ ਨਦੀ ਅਤੇ ਇਸ ਦੇ ਚੁਗੇਰਦੇ ਵਿਚ ਜੰਗਲਾਂ ਨੂੰ ਬਚਾਉਣ ਦੇ ਲਈ ਪਹਿਲਾ ਬੰਧ-ਵਿਰੋਧੀ ਅੰਦੋਲਨ ਇਸ ਦੇਸ਼ ਵਿਚ ਚਲਿਆ ।

(v) ਸੰਸਾਰ ਦਾ ਸਭ ਤੋਂ ਵਧੇਰੇ ਖਣਿਜ ਤੇਲ ਦਾ ਉਤਪਾਦਕ ਦੇਸ਼ । *5×1=5*

ਪ੍ਰਸ਼ਨ ਸੰ. 21 ਦੇ ਲਈ



**ਨੋਟ :** *ਹੇਠ ਲਿਖਿਆ ਪ੍ਰਸ਼ਨ **ਕੇਵਲ ਦ੍ਰਿਸ਼ਟੀਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਸੰਖਿਆ **21** ਦੇ ਸਥਾਨ ਤੇ ਹੈ :*

(21.1) ਲੰਬੇ ਸਮੇਂ ਤੋਂ ਚਲ ਰਹੇ ਕਿਸੇ ਦੋ ਵਾਤਾਵਰਨ ਸੰਬੰਧੀ ਚਿੰਤਾ ਦੇ ਵਿਸ਼ਿਆਂ ਦਾ ਵਰਣਨ ਕਰੋ ।

(21.2) 1992 ਵਿਚ ਹੋਏ 'ਪ੍ਰਿਥਵੀ ਸੰਮੇਲਨ' ਦੀ ਮਹਤਤਾ ਨੂੰ ਸਪਸ਼ਟ ਕਰੋ ।

(21.3) ਕਯੋਟੋ ਪ੍ਰੋਟੋਕੋਲ ਦੀਆਂ ਕਿਸੇ ਦੋ ਵਿਸ਼ੇਸ਼ਤਾਵਾਂ ਤੇ ਚਾਨਣ ਪਾਓ । *1+2+2=5*

**22.** 1975 ਵਿਚ ਲਗਾਈ ਗਈ ਆਪਾਤਕਾਲ ਸਥਿਤੀ ਨਾਲ ਅਸਹਿਮਤੀ ਅਤੇ ਵਿਰੋਧ ਦੇ ਰੂਪ ਵਿਚ ਘਟੀਆਂ ਸਰਗਰਮੀਆਂ ਉਪਰ ਰੋਸ਼ਨੀ ਪਾਉ । ਤੁਹਾਡੀ ਰਾਏ ਅਨੁਸਾਰ, ਇਨ੍ਹਾਂ ਸਰਗਰਮੀਆਂ ਦਾ ਜਨਮਤ ਉਪਰ ਕੀ ਅਸਰ ਪਿਆ ? *4+2=6*

**ਜਾਂ**

'ਇੰਦਰਾ ਬਨਾਮ ਸਿੰਡੀਕੇਟ' ਦੇ ਵਿਵਾਦ ਦੇ ਵਿਸ਼ੇ ਦੀ ਪੜਤਾਲ ਕਰੋ । ਇਸ ਮਸਲੇ ਨੇ ਇੰਦਿਰਾ ਗਾਂਧੀ ਦੇ ਸਾਮ੍ਹਣੇ ਕਿਹੜੇ ਪ੍ਰਕਾਰ ਦੀਆਂ ਚੁਣੌਤੀਆਂ ਪੇਸ਼ ਕੀਤੀਆਂ ? *2+4=6*

**23.** 1971 ਤੋਂ 1990 ਤਕ ਬੰਗਲਾ ਦੇਸ਼ ਵਿਚ ਸਰਕਾਰਾਂ ਦੇ ਬਣਨ ਨਾਲ ਜੁੜੀਆਂ ਘਟਨਾਵਾਂ ਦੇ ਸਿਲਸਿਲੇ ਦਾ ਨਿਰੀਖਣ ਕਰੋ । *6*

**ਜਾਂ**

ਇਕ ਸੈਨਿਕ ਸ਼ਕਤੀ ਦੇ ਰੂਪ ਵਿਚ ਅਮਰੀਕੀ ਚੌਧਰ ਦਾ ਮੁਲਾਂਕਣ ਕਰੋ । *6*

**24.** ਠੰਢੀ ਜੰਗ (ਸ਼ੀਤ ਯੁੱਧ) ਤੋਂ ਪਿੱਛੋਂ ਹੋਏ ਕਿਸੇ ਛੇ ਬਦਲਾਵਾਂ ਦਾ ਵਰਣਨ ਕਰੋ ਜਿਨ੍ਹਾਂ ਨੇ ਸੰਯੁਕਤ ਰਾਸ਼ਟਰ ਲਈ ਬੇਹਤਰ ਕੰਮ ਕਰਨ ਦੀ ਦਿਸ਼ਾ ਵਿਚ ਸੁਧਾਰਾਂ ਦਾ ਲਿਆਣਾ ਜ਼ਰੂਰੀ ਬਣਾ ਦਿੱਤਾ ਹੈ । *6×1=6*

**ਜਾਂ**

ਸਹਿਯੋਗਮੂਲਕ (ਕੋਓਪਰੇਟਿਵ) ਸੁਰਖਿਆ ਤੋਂ ਕੀ ਭਾਵ ਹੈ ? ਇਸ ਨੂੰ ਕਿਵੇਂ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ ? *2+4=6*

**25.** ਭਾਰਤ ਵਿਚ ਵਿਭਿੰਨਤਾ ਵਿਚ ਏਕਤਾ ਬਣਾਈ ਰਖਣ ਦੇ ਲਈ ਖਿੱਚੋਤਾਣ ਦੇ ਕਿਸੇ ਤਿੰਨ ਦਾਇਰਿਆਂ ਦਾ ਵਰਣਨ ਕਰੋ ਜਿਨ੍ਹਾਂ ਨੂੰ ਹਾਲਾਂ ਹਲ ਕਰਨਾ ਬਾਕੀ ਹੈ ? *3×2=6*

**ਜਾਂ**

1989 ਤੋਂ ਪਿੱਛੋਂ ਭਾਰਤ ਦੀਆਂ ਵਧੇਰੇ ਰਾਜਨੀਤਕ ਪਾਰਟੀਆਂ ਵਿਚ ਵਧਦੀ ਹੋਈ ਸਰਬਸੰਮਤੀ ਦੇ ਕਿਸੇ ਤਿੰਨ ਮੁੱਖ ਤੱਤਾਂ ਦਾ ਵਰਣਨ ਕਰੋ । *3×2=6*

**26.** ਨਵੀਂ ਅੰਤਰ-ਰਾਸ਼ਟਰੀ ਅਰਥ ਵਿਵਸਥਾ (NIEO) ਦੇ ਵਿਚਾਰ ਨੂੰ ਜਨਮ ਦੇਣ ਵਾਲੇ ਹਾਲਾਤ ਤੇ ਰੋਸ਼ਨੀ ਪਾਓ । ਇਸ ਕੋਸ਼ਿਸ਼ ਨੂੰ ਕਮਜ਼ੋਰ ਬਨਾਉਣ ਵਾਲੇ ਕਿਸੇ ਦੋ ਕਾਰਕਾਂ ਦੀ ਵਿਆਖਿਆ ਕਰੋ । *4+2=6*

**ਜਾਂ**

ਸੋਵਿਅਤ ਸੰਘ ਦੀ ਵੰਡ ਨੇ ਕਿਹੜੇ ਤਿੰਨ ਤਰੀਕਿਆਂ ਨਾਲ ਵਿਸ਼ਵ ਰਾਜਨੀਤੀ ਨੂੰ ਪ੍ਰਭਾਵਤ ਕੀਤਾ ? ਵਿਆਖਿਆ ਕਰੋ । *3×2=6*

**27.** ਕੀ ਤੁਸੀਂ ਇਸ ਕਥਨ ਨਾਲ ਰਜ਼ਾਮੰਦ ਹੋ ਕਿ ‘‘ਸਵਤੰਤਰ ਭਾਰਤ ਦੀ ਵਿਦੇਸ਼ ਨੀਤੀ ਵਿਚ ਸ਼ਾਂਤੀਪੂਰਨ ਸੰਸਾਰ ਦੇ ਸੁਪਨੇ ਦੀ ਪੈਰਵੀ ਕੀਤੀ ਗਈ ਹੈ’’ ? ਆਪਣੇ ਉੱਤਰ ਦੇ ਹੱਕ ਵਿਚ ਕੋਈ ਤਿੰਨ ਢੁਕਵੀਆਂ ਦਲੀਲਾਂ ਦਿਓ । *3×2=6*

**ਜਾਂ**

‘‘ਭਾਰਤ ਬਸਤੀਵਾਦ ਨੂੰ ਖਤਮ ਕਰਨ ਦੀ ਪਰਕਿਰਿਆ ਦਾ ਇਕ ਪੱਕਾ ਸਮਰਥਕ ਅਤੇ ਰੰਗਭੇਦ ਦੀ ਨੀਤੀ ਦਾ ਕੱਟੜ ਵਿਰੋਧੀ ਰਿਹਾ ਹੈ ।’’ ਇਸ ਕਥਨ ਦੇ ਪੱਖ ਵਿਚ ਕੋਈ ਤਿੰਨ ਢੁਕਵੀਆਂ ਦਲੀਲਾਂ ਦਿਓ । *3×2=6*